# ਘਰ ਜਾਂ ਅਪਾਰਟਮੈਂਟ ਦੀ ਜਾਂਚ ਕਰਨੀ



ਕੈਨੇਡਾ ਪਹੁੰਚਣ ‘ਤੇ ਨਵੇਂ ਆਉਣ ਵਾਲੇ ਬਹੁਤੇ ਲੋਕਾਂ ਨੂੰ ਜੋ ਸਭ ਤੋਂ ਪਹਿਲਾਂ ਕਰਨਾ ਪੈਂਦਾ ਹੈ ਉਹ ਰਹਿਣ ਲਈ ਥਾਂ ਲੱਭਣਾ ਹੁੰਦਾ ਹੈ।

ਨਵੇਂ ਆਉਣ ਵਾਲੇ ਜ਼ਿਆਦਾਤਰ ਲੋਕ ਇਹ ਪਤਾ ਲਗਾਉਂਦੇ ਹਨ ਕਿ ਆਪਣਾ ਪਹਿਲਾ ਘਰ ਕਿਰਾਏ ‘ਤੇ ਲੈਣਾ ਚੰਗਾ ਵਿਚਾਰ ਹੋ ਸਕਦਾ ਹੈ। ਕਿਰਾਏ ‘ਤੇ ਰਹਿਣਾ ਤੁਹਾਨੂੰ ਤੁਹਾਡੇ ਅਪਣਾਏ ਗਏ ਦੇਸ਼ ਵਿਚ ਤੁਹਾਡੀ ਨਵੀਂ ਜ਼ਿੰਦਗੀ ਨੂੰ ਬਣਾਉਣ ਲਈ ਸੁਰੱਖਿਅਤ ਅਤੇ ਆਰਾਮਦਾਇਕ ਥਾਂ ਦਿੰਦਾ ਹੈ। ਨਾਲ ਹੀ, ਕਿਰਾਏ ‘ਤੇ ਰਹਿਣਾ ਤੁਹਾਨੂੰ, ਨਿਰਣਾ ਲੈਣ ਲਈ ਪੈਣ ਵਾਲਾ ਦਬਾਅ ਮਹਿਸੂਸ ਕੀਤੇ ਬਿਨਾਂ ਉਸ ਥਾਂ ਨੂੰ ਲੱਭਣ ਲਈ ਸਮਾਂ ਦਿੰਦਾ ਹੈ, ਜਿਸ ਨੂੰ ਤੁਸੀਂ ਖਰੀਦਣਾ ਚਾਹ ਸਕਦੇ ਹੋ।

ਉਹ ਥਾਂ ਜੋ ਤੁਹਾਡੀਆਂ ਜ਼ਰੂਰਤਾਂ ਅਤੇ ਬਜਟ ਦੇ ਅਨੁਸਾਰ ਢੁਕਵੀਂ ਹੈ, ਲੱਭਣ ਵਿਚ ਮਦਦ ਲਈ, Canada Mortgage and Housing Corporation (CMHC) ਤੁਹਾਨੂੰ ਇਸ ਬਾਰੇ ਹੇਠ ਲਿਖੇ ਨੁਸਖੇ ਦਿੰਦੀ ਹੈ ਕਿ ਕਿਰਾਏ ਦੇ ਘਰ ਜਾਂ ਅਪਾਰਟਮੈਂਟ ਦੀ ਜਾਂਚ ਕਰਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ:

- ਆਪਣੇ ਨਾਲ ਇਕ ਨੋਟਬੁੱਕ ਲੈ ਜਾਉ, ਤਾਂ ਕਿ ਤੁਸੀਂ ਤੁਹਾਡੇ ਦੁਆਰਾ ਵੇਖੀ ਜਾਣ ਵਾਲੀ ਹਰ ਥਾਂ ਦੀਆਂ ਮਹੱਤਵਪੂਰਨ ਗੱਲਾਂ ਨੂੰ ਲਿਖ ਸਕੋ। ਇਹ ਬਾਅਦ ਵਿਚ ਤੁਹਾਡੇ ਲਈ ਵੱਖ ਵੱਖ ਥਾਂਵਾਂ ਨੂੰ ਯਾਦ ਰੱਖਣਾ ਅਤੇ ਤੁਲਨਾ ਕਰਨਾ ਆਸਾਨ ਬਣਾ ਦੇਵੇਗਾ।
- ਮੁੱਖ ਦਰਵਾਜ਼ੇ ਦੀ ਜਾਂਚ ਕਰੋ ਅਤੇ ਯਕੀਨੀ ਬਣਾਉ ਕਿ ਇਹ ਸਹੀ ਤਰ੍ਹਾਂ ਤਾਲਾਬੰਦ ਹੁੰਦਾ ਹੈ।
- ਇਹ ਯਕੀਨੀ ਬਣਾਉਣ ਲਈ ਕਿ ਸਭ ਕੁਝ ਠੀਕ ਚੱਲ ਰਿਹਾ ਹੈ ਓਵਨ ਅਤੇ ਸਟੋਵ ਨੂੰ ਚਲਾ ਕੇ ਅਤੇ ਰੈਫ਼ਰਿਜਰੇਟਰ ਅਤੇ ਫ੍ਰੀਜ਼ਰ ਨੂੰ ਖੋਲ ਕੇ ਦੇਖੋ।
- ਇਹ ਯਕੀਨੀ ਬਣਾਉਣ ਲਈ ਕਿ ਗਰਮ ਪਾਣੀ ਉਪਲੱਬਧ ਹੈ, ਰਸੋਈ ਅਤੇ ਬਾਥਰੂਮ ਦੀਆਂ ਟੂਟੀਆਂ ਨੂੰ ਚਲਾ ਕੇ ਦੇਖੋ, ਟਾਇਲਟਾਂ ਨੂੰ ਫਲੱਸ਼ ਕਰੋ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਕੰਮ ਕਰਦੀ ਹੈ।
- ਇਹ ਯਕੀਨੀ ਬਣਾਉ ਕਿ ਨਹਾਉਣ ਦੇ ਲਈ ਸ਼ਾਵਰ ਜਾਂ ਬਾਥਟੱਬ ਹੈ ਅਤੇ ਤੁਹਾਡੇ ਸਾਰੇ ਕੱਪੜਿਆਂ ਲਈ ਅਲਮਾਰੀ ਦੀ ਕਾਫੀ ਥਾਂ ਹੈ।
- ਇਹ ਪੁੱਛੋ ਕਿ ਹੀਟ ਕਿਸ ਤਰ੍ਹਾਂ ਕੰਮ ਕਰਦੀ ਹੈ। ਇਹ ਖਾਸ ਕਰਕੇ ਬੇਸਮੈਂਟ ਵਾਲੇ ਅਪਾਰਟਮੈਂਟਾਂ ਦੇ ਲਈ ਮਹਤੱਵਪੂਰਨ ਹੈ, ਜੋ ਕਿ ਕਈ ਵਾਰ ਜ਼ਮੀਨ ਤੋਂ ਉੱਪਰ ਬਣੇ ਅਪਾਰਟਮੈਂਟਾਂ ਤੋਂ ਜ਼ਿਆਦਾ ਠੰਢੇ ਹੋ ਸਕਦੇ ਹਨ।
- ਜੇ ਤੁਹਾਡੇ ਦੁਆਰਾ ਦੇਖੀ ਜਾ ਰਹੀ ਥਾਂ ਅਪਾਰਟਮੈਂਟ ਬਿਲਡਿੰਗ ਵਿਚ ਹੈ, ਤਾਂ ਇਹ ਪਤਾ ਲਗਾਉ ਕਿ ਇੱਥੇ ਕੋਈ ਸਾਂਝੀਆਂ ਥਾਂਵਾਂ ਹਨ ਜੋ ਤੁਸੀਂ ਬਿਲਡਿੰਗ ਵਿਚ ਰਹਿ ਰਹੇ ਲੋਕਾਂ ਨਾਲ ਸਾਂਝਾ ਕਰ ਰਹੇ ਹੋਵੋਗੇ। ਇਸਦੇ ਵਿਚ ਸਾਂਝਾ ਲਾਂਡਰੀ ਰੂਮ, ਪੂਲ, ਕਸਰਤ ਦਾ ਕਮਰਾ ਜਾਂ ਸਟੋਰੇਜ ਦਾ ਖੇਤਰ ਸ਼ਾਮਲ ਹੋ ਸਕਦਾ ਹੈ।
- ਇਹ ਪੁੱਛੋ ਕਿ ਘਰ ਦੀਆਂ ਮੁਰੰਮਤਾਂ ਲਈ ਕੌਣ ਜ਼ਿੰਮੇਵਾਰ ਹੈ ਅਤੇ ਇਹ ਕਿ ਕੀ ਯੂਟਿਲਟੀਜ਼ (ਜਿਵੇਂ ਕਿ ਨਿੱਘਾ ਕਰਨਾ, ਕੇਬਲ ਜਾਂ ਬਿਜਲੀ ਦੀ) ਨੂੰ ਕਿਰਾਏ ਦੇ ਵਿਚ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ। ਜੇ ਯੂਟਿਲਟੀਜ਼ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਤਾਂ ਇਹ ਪਤਾ ਲਗਾਓ (ਲਗਾਉ) ਕਿ ਘਰ ਨੂੰ ਨਿੱਘਾ ਕਰਨ ਅਤੇ ਰੋਸ਼ਣੀ ਦੇ ਲਈ ਤੁਹਾਨੂੰ ਹਰ ਮਹੀਨੇ ਕਿੰਨਾ ਭੁਗਤਾਨ ਕਰਨਾ ਪਵੇਗਾ।

ਯਾਦ ਰੱਖੋ: ਤੁਹਾਡੇ ਦੁਆਰਾ ਪਹਿਲੀ ਵਾਰ ਦੇਖੇ ਗਏ ਅਪਾਰਟਮੈਂਟ ਨੂੰ ਖਰੀਦਣ ਵਿਚ ਕਾਹਲੀ ਨਾ ਕਰੋ। ਅਪਾਰਟਮੈਂਟ ਨੂੰ ਲੱਭਣ ਵਿਚ ਸਮਾਂ ਲੱਗ ਸਕਦਾ ਹੈ। ਇਹ ਯਕੀਨੀ ਬਣਾਉ ਕਿ ਤੁਸੀਂ ਕਈ ਵੱਖ ਵੱਖ ਥਾਂਵਾਂ ਵੇਖਦੇ ਹੋ, ਅਤੇ ਨਿਰਣਾ ਲੈਣ ਲਈ ਸਮਾਂ ਲਗਾਉ । ਆਖਰਕਾਰ, ਜਿਹੜੀ ਥਾਂ ਤੁਸੀਂ ਚੁਣਦੇ ਹੋ, ਆਉਣ ਵਾਲੇ ਮਹੀਨਿਆਂ ਜਾਂ ਇੱਥੋਂ ਤੱਕ ਕਿ ਸਾਲਾਂ ਲਈ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਲਈ ਘਰ ਹੋਏਗੀ।

ਰਿਹਾਇਸ਼ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Canada Mortgage and Housing Corporation ਨੂੰ www.cmhc.ca/newcomers ‘ਤੇ ਸੰਪਰਕ ਕਰੋ।

67352 13-06-11 Checking Out a Home or Apartment (Punjabi version)

Canada

CMHC SCHL
HOME TO CANADIANS